# ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ

## (ਰਜਿਸਟਰਾਰ ਦਫਤਰ)

ਆਈ.ਕੇ.ਜੀ.ਪੀ.ਟੀ.ਯੂ./ਰਜਿ./606 ਮਿਤੀ: 15.03.2020

## ਦਫਤਰੀ ਹੁਕਮ

ਵਿਸ਼ਾ: **ਕਰੋਨਾ ਵਾਇਰਸ ਦੀ ਮਹਾਂਮਾਰੀ ਦੇ ਮੱਦੇਨਜਰ ਯੂਨੀਵਰਸਿਟੀ, ਮੇਨ ਅਤੇ ਹੋਰ ਕੈਂਪਸ ਅਤੇ ਮਾਨਤਾ ਪ੍ਰਾਪਤ ਕਾਲਜ ਮਿਤੀ 31/03/2020 ਤੱਕ ਬੰਦ ਰਹਿਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਜੀ ਦੇ ਮੀਮੋ ਨੰਬਰ ਆਈਟੀ/ਐਚਕਿਉ/1020-24 ਮਿਤੀ 14/03/2020 (ਕਾਪੀ ਨੱਥੀ) ਅਤੇ ਮਾਨਯੋਗ ਉਪ ਕੁਲਪਤੀ ਜੀ ਦੀ ਪ੍ਰਵਾਨਗੀ ਅਨੁਸਾਰ ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ, ਮੇਨ ਅਤੇ ਹੋਰ ਕੈਂਪਸ ਅਤੇ ਯੂਨੀਵਰਸਿਟੀ ਅਧੀਨ ਮਾਨਤਾ ਪ੍ਰਾਪਤ ਸਮੂਹ ਕਾਲਜ ਮਿਤੀ 31/03/2020 ਤੱਕ ਬੰਦ ਰਹਿਣਗੇ।

ਵਿਦਿਆਰਥੀਆਂ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਅਤੀ ਜਰੂਰੀ ਸੇਵਾਵਾਂ, ਪਹਿਲਾਂ ਮਿੱਥੇ ਜਰੂਰੀ ਕੰਮ ਅਤੇ ਘਰ ਤੋਂ ਕੀਤੇ ਜਾ ਸਕਣ ਵਾਲੇ/ਆਨ ਲਾਈਨ ਕੰਮ ਕੀਤੇ ਜਾ ਸਕਦੇ ਹਨ। ਸਮੂਹ ਅਧਿਕਾਰੀ ਅਤੇ ਕਰਮਚਾਰੀ ਆਪਣੇ ਪੋਸਟਿੰਗ ਵਾਲੇ ਸਟੇਸ਼ਨ ਤੇ ਉਪਲੱਬਧ ਰਹਿਣਗੇ। ਵਿਭਾਗ ਮੁੱਖੀ ਪੂਰੀ ਇਹਤਿਆਤ ਰੱਖਦੇ ਹੋਏ ਲੋੜ ਪੈਣ ਤੇ ਅਧਿਕਾਰੀਆਂ/ਕਰਮਚਾਰੀਆਂ ਨੂੰ ਬੁਲਾ ਸਕਦੇ ਹਨ।

ਸਮੂਹ ਵਿਭਾਗ ਮੁੱਖੀ/ਇੰਚਾਰਜ (ਨਾਨ ਟੀਚਿੰਗ), ਡਾਇਰੈਕਟਰ (ਮੇਨ ਅਤੇ ਹੋਰ ਕੈਂਪਸ), ਪ੍ਰਿੰਸੀਪਲ/ ਡਾਇਰੈਕਟਰ (ਮਾਨਤਾ ਪ੍ਰਾਪਤ ਕਾਲਜ) ਨੂੰ ਲਿਖਿਆ ਜਾਂਦਾ ਹੈ ਕਿ ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਜੀ ਦੇ ਉੱਕਤ ਹੁਕਮਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

**(ਡਾ. ਐਸ.ਐਸ. ਵਾਲੀਆ)**
**ਰਜਿਸਟਰਾਰ**

ਪਿੱਠ ਅੰ:ਨੰ: ਆਈ.ਕੇ.ਜੀ.ਪੀ.ਟੀ.ਯੂ./ਰਜਿ/ਦਹ/607- 612 ਮਿਤੀ: 15/03/2020

ਇਸ ਦਾ ਇੱਕ ਉਤਾਰਾ ਹੇਠ ਲਿਖੇ ਅਧਿਕਾਰੀਆਂ ਨੂੰ ਜਾਣਕਾਰੀ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਇੰਚਾਰਜ ਸਕੱਤਰੇਤ, ਉਪ ਕੁਲਪਤੀ ਦਫਤਰ: ਉਪ ਕੁਲਪਤੀ ਜੀ ਦੀ ਜਾਣਕਾਰੀ ਹਿੱਤ
2. ਸਮੂਹ ਵਿਭਾਗ ਮੁੱਖੀ/ਇੰਚਾਰਜ (ਨਾਨ ਟੀਚਿੰਗ)
3. ਡਾਇਰੈਕਟਰ (ਮੇਨ ਅਤੇ ਹੋਰ ਕੈਂਪਸ): ਆਪ ਦੇ ਅਧੀਨ ਆਉਂਦੇ ਸਮੂਹ ਡਿਪਟੀ ਡੀਨ (ਫੈਕਲਟੀ), ਵਿਭਾਗ ਮੁੱਖੀ (ਟੀਚਿੰਗ)/ਇੰਚਾਰਜ ਕੰਸਟੀਚਿਊਟ ਕੈਂਪਸਾਂ ਨੂੰ ਜਾਣੂ ਕਰਾਉਣ ਹਿੱਤ।
4. ਡਿਪਟੀ ਰਜਿਸਟਰਾਰ (ਮਾਨਵ ਸ੍ਰੋਤ ਪ੍ਰਬੰਧਨ)
5. ਪ੍ਰਿੰਸੀਪਲ/ਡਾਇਰੈਕਟਰ, ਸਮੂਹ ਮਾਨਤਾ ਪ੍ਰਾਪਤ ਕਾਲਜ
6. ਇੰਚਾਰਜ (ਆਈ.ਟੀ.ਐਸ.): ਵੈਬਸਾਈਟ ਤੇ ਅਪਲੋਡ ਕਰਨ ਹਿੱਤ।

**(ਡਾ. ਐਸ.ਐਸ. ਵਾਲੀਆ)**
**ਰਜਿਸਟਰਾਰ**

Scanned with CamScanner

ਵੱਲੋ,

ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

ਸੇਵਾ ਵਿਖੇ,

1. ਰਜਿਸਟਰਾਰ, ਆਈ.ਕੇ. ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ,
2. ਰਜਿਸਟਰਾਰ, ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ, ਬਠਿੰਡਾ, ।
3. ਪੰਜਾਬ ਰਾਜ ਦੇ ਸਮੂਹ ਪ੍ਰਿੰਸੀਪਲ ਸਰਕਾਰੀ/ ਗੈਰ ਸਰਕਾਰੀ ਇੰਜਨੀਅਰਿੰਗ ਕਾਲਜ।
4. ਪੰਜਾਬ ਰਾਜ ਦੇ ਸਮੂਹ ਪ੍ਰਿੰਸੀਪਲ ਸਰਕਾਰੀ/ ਗੈਰ ਸਰਕਾਰੀ ਬਹੁ-ਤਕਨੀਕੀ ਕਾਲਜ।
5. ਪੰਜਾਬ ਰਾਜ ਦੇ ਸਮੂਹ ਪ੍ਰਿੰਸੀਪਲ/ਮੁੱਖੀ ਸਮੂਹ ਸਰਕਾਰੀ/ ਗੈਰ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ।

ਮੀਮੋ ਨੰ: ਆਈਟੀ/ਐਚਕਿਉ/1020-24
ਮਿਤੀ: ਚੰਡੀਗੜ੍ਹ 14/03/2020

ਵਿਸ਼ਾ: ਕਰੋਨਾ ਵਾਇਰਸ ਦੀ ਮਹਾਂਮਾਰੀ ਦੇ ਮੱਦੇਨਜ਼ਰ ਮਿਤੀ 31/03/2020 ਤੱਕ ਤਕਨੀਕੀ ਸੰਸਥਾਵਾਂ ਬੰਦ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਜੀ ਵੱਲੋ ਆਦੇਸ਼ ਦਿੱਤੇ ਗਏ ਹਨ ਕਿ ਕਰੋਨਾ ਵਾਇਰਸ ਦੀ ਮਹਾਂਮਾਰੀ ਨਾ ਫੈਲੇ ਇਸ ਲਈ ਇਤਹਾਤੀ ਤੌਰ ਤੇ ਆਈ.ਕੇ. ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ, ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ, ਬਠਿੰਡਾ, ਪੰਜਾਬ ਰਾਜ ਦੇ ਸਮੂਹ ਸਰਕਾਰੀ/ ਗੈਰ ਸਰਕਾਰੀ ਇੰਜਨੀਅਰਿੰਗ ਕਾਲਜਾਂ, ਪੰਜਾਬ ਰਾਜ ਦੀਆ ਸਮੂਹ ਸਰਕਾਰੀ/ ਗੈਰ ਸਰਕਾਰੀ ਬਹੁ-ਤਕਨੀਕੀ ਕਾਲਜ ਅਤੇ ਸਮੂਹ ਸਰਕਾਰੀ/ ਗੈਰ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਮਿਤੀ 31/03/2020 ਤੱਕ ਬੰਦ ਕੀਤੀਆ ਜਾਦੀਆ ਹਨ ਅਤੇ ਕਿਸੇ ਵੀ ਤਰ੍ਹਾਂ ਦੇ ਪ੍ਰੋਗਰਾਮ/ ਸੈਮੀਨਾਰ/ ਮੀਟਿੰਗਾਂ/ ਖੇਡਾਂ ਸਮਾਗਮ ਆਦਿ ਵੀ ਮੁਲਤਵੀ ਕੀਤੀਆਂ ਜਾਣ। ਇਸ ਦੌਰਾਨ ਕੋਈ ਵੀ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ ਸੰਸਥਾਵਾਂ ਵਿੱਚ ਹਾਜ਼ਰ ਨਹੀ ਹੋਵੇਗਾ, ਪ੍ਰੰਤੂ ਆਪਣੇ ਪੋਸਟਿੰਗ ਵਾਲੇ ਸਟੇਸ਼ਨ ਤੇ ਉਪਲਬੱਧ ਰਹੇਗਾ ਤਾਂ ਜੋ ਲੋੜ ਪੈਣ ਤੇ ਉਨ੍ਹਾ ਨੂੰ ਬੁਲਾਇਆ ਜਾ ਸਕੇ।

ਇਸ ਲਈ ਆਪ ਨੂੰ ਲਿਖਿਆ ਜਾਦਾ ਹੈ ਕਿ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਜੀ ਦੇ ਉਕਤ ਹੁਕਮਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਸੰਯੁਕਤ ਡਾਇਰੈਕਟਰ (ਉ:ਸਿ:)
ਵਾ: ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

Scanned with CamScanner